**ਦਫਤਰ: ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਅਜੀਤਗੜ੍ਹ**
**(ਸੈਕੰਡਰੀ ਸਿੱਖਿਆ ਸ਼ਾਖਾ)**

ਸੇਵਾ ਵਿਖੇ,

ਸਮੂਹ ਮੰਡਲ ਸਿਖਿਆ ਅਫਸਰ/ਸਮੂਹ ਜਿਲਾ ਸਿਖਿਆ ਅਫਸਰ(ਸੈ:ਸਿ:)
ਪੰਜਾਬ।

ਮੀਮੋ ਨੰਬਰ 10/221-2013 ਸੈ:ਸਿ:(6)
ਮਿਤੀ: ਅਜੀਤਗੜ੍ਹ, 15-01-2014

ਵਿਸ਼ਾ:- ਪੰਜਾਬ ਸਟੇਟ ਰੋਡ ਸੇਫਟੀ ਕੌਂਸਲ ਦੀ ਮੀਟਿੰਗ ਸਬੰਧੀ ਕਾਰਵਾਈ ਕਰਨ ਸਬੰਧੀ

ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਮੀਮੋ ਨੰਬਰ 10/221-2013 ਸੈ:ਸਿ(6) ਮਿਤੀ 27-12-13 ਦੀ ਲਗਾਤਾਰਤਾ ਵਿੱਚ।

ਹਵਾਲਾ ਅਧੀਨ ਪੱਤਰ ਰਾਹੀਂ ਆਪ ਜੀ ਨੂੰ ਸਕੂਲੀ ਬੱਸਾਂ ਦੇ ਸੁਰੱਖਿਅਤ ਹੋਣ ਸਬੰਧੀ, ਸਕੂਲ ਦੇ ਪੱਧਰ ਤੇ ਟਰਾਂਸਪੋਰਟ ਕਮੇਟੀਆਂ ਬਨਾਉਣ ਸਬੰਧੀ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਕੇ ਰਿਪੋਰਟ ਨਿਸ਼ਚਿਤ ਕੀਤੇ ਪ੍ਰੋਫਾਰਮੇ ਅਨੁਸਾਰ ਭੇਜਣ ਲਈ ਹਦਾਇਤ ਕੀਤੀ ਗਈ ਸੀ। ਜਿਸ ਬਾਰੇ ਮੁਕੰਮਲ ਰਿਪੋਰਟ ਹਾਲੇ ਪ੍ਰਾਪਤ ਨਹੀਂ ਹੋਈ। ਮਿਤੀ 14-01-2014 ਨੂੰ ਪੰਜਾਬ ਸਟੇਟ ਰੋਡ ਸੇਫਟੀ ਕੌਂਸਲ ਦੀ ਦੁਬਾਰਾ ਹੋਈ ਮੀਟਿੰਗ ਵਿੱਚ ਲਏ ਫੈਸਲੇ ਅਨੁਸਾਰ ਹਦਾਇਤ ਕੀਤੀ ਜਾਂਦੀ ਹੈ ਕਿ:-

- ਇਸ ਤੋਂ ਪਹਿਲਾਂ ਇਸ ਦਫਤਰ ਵੱਲੋਂ ਜਾਰੀ ਪੱਤਰਾਂ ਦੇ ਨਾਲ ਨਾਲ ਟਰਾਂਸਪੋਰਟ ਵਿਭਾਗ ਵੱਲੋਂ ਜਾਰੀ ਸੇਫ ਸਕੂਲ ਵਾਹਨ ਸਕੀਮ ਪੰਨਾ 1-14 ਜੋ ਕਿ ਮਿਤੀ 19-11-13 ਨੂੰ ਈਮੇਲ ਰਾਹੀਂ ਆਪ ਜੀ ਨੂੰ ਭੇਜਿਆ ਗਿਆ ਹੈ ਅਤੇ ਐੱਸ.ਐੱਸ.ਏ ਦੀ ਵੈਬਸਾਈਟ ਤੇ ਵੀ ਪਾ ਦਿੱਤਾ ਗਿਆ ਹੈ, ਅਨੁਸਾਰ ਟਰਾਂਸਪੋਰਟ ਕਮੇਟੀ ਦੀ ਬਣਤਰ ਅਤੇ ਕਾਰਵਾਈ ਸਬੰਧੀ ਹਦਾਇਤਾਂ ਅਨੁਸਾਰ ਕਾਰਵਾਈ ਕਰਕੇ ਰਿਪੋਰਟ ਤਿਆਰ ਕੀਤੀ ਜਾਵੇ।
- ਜਿਲ੍ਹਾ ਸਿਖਿਆ ਅਫਸਰ (ਸੈ:ਸਿ:) ਆਪਣੇ ਜਿਲੇ ਦੇ ਸਾਰੇ ਸਕੂਲਾਂ ਲਈ (ਸੈਕੰਡਰੀ,ਹਾਈ,ਮਿਡਲ,ਪ੍ਰਾਇਮਰੀ, ਏਡਿਡ, ਮਾਨਤਾ ਪ੍ਰਾਪਤ/ ਬੋਰਡ ਐਸੋਸੀਏਟ) ਨੋਡਲ ਅਫਸਰ ਹੋਣਗੇ ਅਤੇ ਉਹ ਜਿਲਾ ਸਿਖਿਆ ਅਫਸਰ (ਐ:ਸਿ:) ਤੋਂ ਵੀ ਰਿਪੋਰਟ ਤਿਆਰ ਕਰਕੇ ਮਿਤੀ 20-01-2014 ਨੂੰ ਹੋਣ ਵਾਲੀ ਮੀਟਿੰਗ ਵਿੱਚ ਲੈ ਕੇ ਆਉਣਗੇ।

ਮੀਟਿੰਗ ਮਿਤੀ 20-01-2014 ਨੂੰ 10.00 ਵਜੇ ਦਫਤਰ ਡੀ.ਪੀ.ਆਈ.(ਸੈ:ਸਿ:), ਪੰਜਾਬ, ਫੇਜ਼-8, ਅਜੀਤਗੜ੍ਹ ਵਿਖੇ ਹੋਵੇਗੀ। ਮੀਟਿੰਗ ਵਿੱਚ ਸਮੂਹ ਜਿਲਾ ਸਿਖਿਆ ਅਫਸਰਾਂ ਦਾ ਨਿੱਜੀ ਰੂਪ ਵਿੱਚ ਹਾਜਰ ਹੋਣਾ ਯਕੀਨੀ ਬਣਾਇਆ ਜਾਵੇ।

15/1/14

ਡਿਪਟੀ ਡਾਇਰੈਕਟਰ(ਸੈ:ਸਿ:)

ਪਿੱਠ ਅੰਕਣ ਨੰਬਰ ਉਕਤ ਮਿਤੀ: ਅਜੀਤਗੜ੍ਹ,

ਉਤਾਰਾ ਡਾਇਰੈਕਟਰ ਸਿਖਿਆ ਵਿਭਾਗ(ਐ:ਸਿ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਸਮੂਹ ਜਿਲਾ ਸਿਖਿਆ ਅਫਸਰ (ਐ:ਸਿ:) ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ।

ਡਿਪਟੀ ਡਾਇਰੈਕਟਰ(ਸੈ:ਸਿ:)